






# GRASSFIRES

# Know Your Fire Risk and Know What To Do

## Grassfires can start anywhere and spread quickly.

## You're at risk if you live on the edge of a city or town.

## Reduce your risk now

Mow your grass and remove anything flammable – firewood, rubbish, weeds – from around your home and fenceline.

## If a grassfire starts

**If you live directly next to grassland,** quickly move one to two streets away from the fire.

**If you live close to grassland but not right next to it**, it's safer to stay where you are – grassfire is unlikely to spread past the first row of homes.

Don't put your life or the lives or others in danger by getting in your car. It will be smoky and hard to see, traffic jams and accidents are likely, and the roads need to be clear for the emergency services.

**Stay informed**

On hot, dry, windy days check for warnings and updates regularly at **emergency.vic.gov.au** or by calling the Victorian Bushfire Information Line **1800 240 667**.

Keep an eye on conditions outside – you may know about a fire before the emergency services.

**Victorian Bushfire Information Line**
**1800 240 667**

**cfa.vic.gov.au**









# ਘਾਹ ਵਿੱਚ ਲੱਗਣ ਵਾਲੀ ਅੱਗ (ਗ੍ਰਾਸਫਾਇਰ)

# ਆਪਣੇ ਅੱਗ ਦੇ ਖਤਰੇ ਅਤੇ ਇਸ ਗੱਲ ਤੋਂ ਜਾਣੂ ਰਹੋ ਕਿ ਤੁਹਾਨੂੰ ਕੀ ਕਰਨਾ ਹੈ

**ਘਾਹ ਵਿੱਚ ਲੱਗਣ ਵਾਲੀ ਅੱਗ ਕਿਤੋਂ ਵੀ ਸ਼ੁਰੂ ਹੋਕੇ ਤੇਜੀ ਨਾਲ ਫੈਲ ਸਕਦੀ ਹੈ।**

**ਜੇਕਰ ਤੁਸੀਂ ਆਪਣੇ ਸ਼ਹਿਰ ਜਾਂ ਕਸਬੇ ਦੇ ਕਿਨਾਰਿਆਂ ਵਾਲੇ ਖੇਤਰਾਂ ਵਿੱਚ ਰਹਿੰਦੇ ਹੋ ਤਾਂ ਤੁਸੀਂ ਜੋਖਿਮ ਵਾਲੇ ਖੇਤਰ ਵਿੱਚ ਹੋ।**

## ਹੁਣੇ ਆਪਣੇ ਜੋਖਮ ਨੂੰ ਘਟਾਉ

ਆਪਣਾ ਘਾਹ ਕੱਟੋ ਅਤੇ ਆਪਣੇ ਘਰ ਅਤੇ ਆਪਣੀ ਵਾੜ-ਸੀਮਾ ਦੇ ਆਲੇ-ਦੁਆਲੇ ਕਿਸੇ ਜਲਣਸ਼ੀਲ ਚੀਜ਼ਾਂ – ਜਲਾਉਣ ਦੀ ਲਕੜੀ, ਕੂੜੇ, ਜੰਗਲੀ ਬੂਟਿਆਂ – ਨੂੰ ਹਟਾਓ।

## ਘਾਹ ਵਿੱਚ ਲੱਗਣ ਵਾਲੀ ਅੱਗ ਦੇ ਸ਼ੁਰੂ ਹੋਣ ਦੀ ਸਥਿਤੀ ਵਿੱਚ

**ਜੇਕਰ ਤੁਸੀਂ ਘਾਹ ਵਾਲੇ ਖੇਤਰ ਦੇ ਬਿਲਕੁਲ ਨਾਲ ਰਹਿੰਦੇ ਹੋ,** ਤਾਂ ਤੁਰੰਤ ਹੀ ਅੱਗ ਤੋਂ ਇਕ ਜਾਂ ਦੋ ਗਲਿਆਂ ਦੂਰ ਚੱਲੇ ਜਾਓ।

**ਜੇਕਰ ਤੁਸੀਂ ਘਾਹ ਵਾਲੇ ਖੇਤਰ ਦੇ ਨੇੜੇ ਪਰ ਇਸਦੇ ਬਿਲਕੁਲ ਨਾਲ ਨਹੀਂ ਰਹਿੰਦੇ ਹੋ,** ਤਾਂ ਤੁਸੀਂ ਜਿੱਥੇ ਹੋ ਉੱਥੇ ਰਹਿਣਾ ਹੀ ਵੱਧ ਸੁਰੱਖਿਅਤ ਹੈ – ਘਾਹ ਵਿੱਚ ਲੱਗਣ ਵਾਲੀ ਅੱਗ ਦੇ ਪਹਿਲੀ ਕਤਾਰ ਵਿੱਚ ਆਉਣ ਵਾਲੇ ਘਰਾਂ ਤੋਂ ਅੱਗੇ ਫੈਲਣ ਦੀ ਸੰਭਾਵਨਾ ਨਹੀਂ ਹੁੰਦੀ ਹੈ।

ਆਪਣੀ ਕਾਰ ਚਲਾਕੇ ਜਾਣ ਕਰਕੇ ਆਪਣੇ ਜਾਂ ਦੂਸਰੀਆਂ ਦੇ ਜੀਵਨ ਨੂੰ ਜੋਖਮ ਵਿੱਚ ਨਾ ਪਾਓ। ਚਾਰੇ ਪਾਸੇ ਧੂੰਆ ਹੋਵੇਗਾ ਅਤੇ ਕੁੱਝ ਵੇਖ ਪਾਣਾ ਬਹੁਤ ਮੁਸ਼ਕਲ ਹੋਵੇਗਾ, ਟਰੈਫਿਕ ਜ਼ਾਮ ਲੱਗੇ ਹੋਣਗੇ ਅਤੇ ਦੁਰਘਟਨਾਵਾਂ ਦੇ ਹੋਣ ਦੀ ਸੰਭਾਵਨਾ ਹੋਵੇਗੀ, ਅਤੇ ਐਮਰਜੇਂਸੀ ਸੇਵਾਵਾਂ ਲਈ ਸੜਕਾਂ ਨੂੰ ਖਾਲੀ ਰੱਖਣਾ ਜਰੂਰੀ ਹੋਵੇਗਾ।

**ਆਗਾਹ ਰਹੋ**

ਗਰਮ, ਖੁਸ਼ਕ ਅਤੇ ਹਵਾਦਾਰ ਦਿਨਾਂ ਵਿੱਚ ਬਾਕਾਇਦਾ **emergency.vic.gov.au** ਤੇ ਜਾਂ ਵਿਕਟੋਰਿਅਨ ਬੁਸ਼ਫਾਇਰ ਇੰਫਰਮੇਸ਼ਨ ਲਾਇਨ ਨੂੰ **1800 240 667** ਤੇ ਫੋਨ ਕਰਕੇ ਚੇਤਾਵਨੀਆਂ ਅਤੇ ਨਵੀ ਜਾਣਕਾਰੀ ਦਾ ਪਤਾ ਲਗਾਓ।

ਬਾਹਰੀ ਹਾਲਾਤਾਂ ਤੇ ਨਜ਼ਰ ਰੱਖੋ- ਹੋ ਸਕਦਾ ਹੈ ਕਿ ਕਿਸੇ ਅੱਗ ਲੱਗਣ ਦੀ ਘਟਨਾ ਦਾ ਪਤਾ ਤੁਹਾਨੂੰ ਐਮਰਜੇਂਸੀ ਸੇਵਾਵਾਂ ਦੇ ਇਸਦੇ ਜਾਣਨ ਤੋਂ ਪਹਿਲਾਂ ਲਗ ਜਾਵੇ।